# ਚਿਪਚਿਪੀਆਂ ਅੱਖਾਂ ਅਤੇ ਅੱਖਾਂ ਦੀ ਲਾਗ

## ਦੋ ਵੱਖ-ਵੱਖ ਮੁੱਦੇ

'ਚਿਪਚਿਪੀਆਂ ਅੱਖਾਂ' ਨਵੇਂ ਜਨਮੇ ਬੱਚਿਆਂ ਅਤੇ ਛੋਟੇ ਬੱਚਿਆਂ ਵਿੱਚ ਆਮ ਹੁੰਦੀਆਂ ਹਨ ਜਦੋਂ ਉਹਨਾਂ ਦੇ ਅਥਰੂਆਂ ਦੀਆਂ ਨਾਲੀਆਂ ਵਿਕਸਿਤ ਹੋ ਰਹੀਆਂ ਹੁੰਦੀਆਂ ਹਨ। ਤੁਸੀਂ ਅੱਖਾਂ ਦੇ ਕੋਣਿਆਂ ਵਿੱਚ ਚਿਪਚਿਪਾ ਪਦਾਰਥ ਦੇਖ ਸਕਦੇ ਹੋ ਜਾਂ ਉਹਨਾਂ ਦੀਆਂ ਪਲਕਾਂ ਆਪਸ ਵਿੱਚ ਚਿਪਕ ਸਕਦੀਆਂ ਹਨ।

ਇਹ ਆਮ ਤੌਰ ਤੇ ਆਪਣੇ ਆਪ ਠੀਕ ਹੋ ਜਾਂਦਾ ਹੈ, ਪਰ ਹੋ ਸਕਦਾ ਹੈ ਤੁਹਾਨੂੰ ਆਪਣੇ ਬੱਚੇ ਦੀਆਂ ਅੱਖਾਂ ਨੂੰ ਨਿਯਮਿਤ ਤੌਰ ਤੇ ਗਿੱਲੇ ਸੂਤੀ ਫੰਬੇ ਨਾਲ ਸਾਫ਼ ਕਰਨਾ ਪਵੇ। ਸਾਫ਼, ਉਬਾਲ ਕੇ ਠੰਡਾ ਕੀਤਾ ਗਿਆ ਪਾਣੀ ਵਰਤੋ।

ਹਰੇਕ ਅੱਖ ਨੂੰ ਕਿਨਾਰੇ ਤੋਂ ਬਾਹਰ ਨੱਕ ਦੇ ਵੱਲ ਪੂੰਝੋ। ਹਰੇਕ ਵਾਰ ਪੂੰਝਣ ਲਈ ਸਾਫ਼ ਸੂਤੀ ਫੰਬੇ ਦੀ ਵਰਤੋਂ ਕਰੋ। ਲਾਗ ਨੂੰ ਫੈਲਾਉਣ ਤੋਂ ਬਚਣ ਲਈ ਪਹਿਲਾਂ ਅਤੇ ਬਾਅਦ ਵਿੱਚ ਆਪਣੇ ਹੱਥ ਧੋਣੇ ਯਾਦ ਰੱਖੋ ਅਤੇ ਦੂਜਿਆਂ ਦੇ ਨਾਲ ਸਾਂਝੇ ਤੌਲੀਏ ਵਰਤਣ ਤੋਂ ਬਚੋ।

### ਜੀਪੀ ਕਹਿੰਦਾ ਹੈ - ਕੰਜਕਟੀਵਿਟੀਜ਼ (ਅੱਖਾਂ ਦੀ ਲਾਗ)

'ਚਿਪਚਿਪੀਆਂ ਅੱਖਾਂ' ਦੇ ਸਕੇਤਾਂ ਨੂੰ ਕਦੇ-ਕਦੇ 'ਕੰਜਕਟੀਵਿਟੀਜ਼' ਨਾਮਕ ਅੱਖਾਂ ਦੀ ਲਾਗ ਸਮਝਿਆ ਜਾ ਸਕਦਾ ਹੈ। ਕੰਜਕਟੀਵਿਟੀਜ਼ ਦੇ ਸੰਕੇਤ ਪੀਲਾ, ਹਰਾ ਚਿਪਚਿਪਾ ਪਦਾਰਥ ਹੁੰਦਾ ਹੈ ਜੋ ਨਿਯਮਿਤ ਤੌਰ ਤੇ ਵਾਪਸ ਆ ਜਾਂਦਾ ਹੈ। ਜੇ ਤੁਸੀਂ ਇਸ ਨੂੰ ਦੇਖਦੇ ਹੋ, ਤਾਂ ਆਪਣੇ ਹੈਲਥ ਵਿਜ਼ਿਟਰ ਜਾਂ ਜੀਪੀ ਨਾਲ ਸੰਪਰਕ ਕਰੋ। ਇਹ ਆਸਾਨੀ ਨਾਲ ਇੱਕ ਤੋਂ ਦੂਜੇ ਵਿਅਕਤੀ ਨੂੰ ਹੋ ਸਕਦਾ ਹੈ, ਇਸ ਲਈ ਆਪਣੇ ਹੱਥ ਧੋਵੋ ਅਤੇ ਆਪਣੇ ਬੱਚੇ ਲਈ ਵੱਖਰਾ ਤੌਲੀਆ ਵਰਤੋ।

### ਇੱਕ

ਕੀ ਤੁਹਾਡੇ ਬੱਚੇ ਦੀਆਂ ਅੱਖਾਂ ਦੇ ਕੋਣੇ ਵਿੱਚ ਰਿਸਿਆ ਹੋਇਆ ਪਦਾਰਥ ਹੈ ਅਤੇ ਕੀ ਉਹਨਾਂ ਦੀਆਂ ਪਲਕਾਂ ਆਪਸ ਵਿੱਚ ਚਿਪਕ ਗਈਆਂ ਹਨ?

### ਦੋ

ਚਿਪਚਿਪੀਆਂ ਅੱਖਾਂ ਇੱਕ ਆਮ ਸਮੱਸਿਆ ਹੈ ਜੋ ਜ਼ਿਆਦਾਤਰ ਬੱਚਿਆਂ ਨੂੰ ਪ੍ਰਭਾਵਿਤ ਕਰਦੀ ਹੈ, ਆਪਣੇ ਹੈਲਥ ਵਿਜ਼ਿਟਰ ਨਾਲ ਗੱਲ ਕਰੋ।

### ਤਿੰਨ

ਹਰੇਕ ਵਾਰ ਪੂੰਝਣ ਲਈ ਸਾਫ਼ ਸੂਤੀ ਰੂੰ ਦੇ ਟੁਕੜੇ ਨਾਲ ਉਬਾਲ ਕੇ ਠੰਡਾ ਕੀਤੇ ਗਏ ਪਾਣੀ ਦੀ ਵਰਤੋਂ ਕਰੋ।

ਸ੍ਰੋਤ: DoH 2006.